# 9

# ਪਰਿਵਾਰਕ ਕਾਨੂੰਨ ਨਾਲ ਸਬੰਧਤ ਤੁਹਾਡੀ ਮੁਸ਼ਕਲ ਲਈ ਮਦਦ ਲੱਭਣਾ

PJB 009

ਓਨਟਾਰੀਓ ਵਿੱਚ ਔਰਤਾਂ ਲਈ ਪਰਿਵਾਰਕ ਕਾਨੂੰਨ



**ਸਾਰੀਆਂ ਔਰਤਾਂ ਲਈ**
**ਇੱਕੋ ਪਰਿਵਾਰਕ ਕਾਨੂੰਨ।**

ਆਪਣੇ ਹੱਕ ਜਾਣੋ।

flew Family Law Education for Women
Women's Right to Know

fodf Femmes ontariennes et droit de la famille
Le droit de savoir

# ਪਰਿਵਾਰਕ ਕਾਨੂੰਨ ਨਾਲ ਸਬੰਧਤ ਤੁਹਾਡੀ ਮੁਸ਼ਕਲ ਲਈ ਮਦਦ ਲੱਭਣਾ

*ਇਸ ਪਰਚੇ ਦਾ ਮਕਸਦ ਤੁਹਾਨੂੰ ਕਾਨੂੰਨੀ ਮਾਮਲਿਆਂ ਬਾਰੇ ਬੁਨਿਆਦੀ ਗੱਲਾਂ ਸਮਝਾਉਣਾ ਹੈ। ਇਹ ਕਾਨੂੰਨੀ ਸਲਾਹ ਅਤੇ ਮਦਦ ਦਾ ਬਦਲ ਨਹੀਂ ਹੈ। ਜੇ ਤੁਸੀਂ ਪਰਿਵਾਰਕ ਕਾਨੂੰਨ ਵਿੱਚ ਉਲਝੇ ਹੋਏ ਹੋ ਤਾਂ ਆਪਣੇ ਹੱਕਾਂ ਦੀ ਹਿਫਾਜ਼ਤ ਲਈ ਜਿੰਨੀ ਛੇਤੀ ਹੋ ਸਕੇ, ਕਾਨੂੰਨੀ ਸਲਾਹ ਲਓ। ਪਰਿਵਾਰਕ ਕਾਨੂੰਨ ਦਾ ਕੋਈ ਵਕੀਲ ਲੱਭਣ ਅਤੇ ਉਸ ਦੀ ਫੀਸ ਦੇਣ ਬਾਰੇ ਵਧੇਰੇ ਜਾਣਕਾਰੀ ਲਈ ਸਾਡੀ ਵੈੱਬਸਾਈਟ www.onefamilylaw.ca 'ਤੇ ਸਾਡਾ ਪਰਚਾ "ਪਰਿਵਾਰਕ ਕਾਨੂੰਨ ਨਾਲ ਸਬੰਧਤ ਤੁਹਾਡੀ ਮੁਸ਼ਕਲ ਲਈ ਮਦਦ ਲੱਭਣਾ" ਵੇਖੋ।*

ਪਰਿਵਾਰ ਦਾ ਟੁੱਟਣਾ ਔਰਤਾਂ ਅਤੇ ਉਨ੍ਹਾਂ ਦੇ ਬੱਚਿਆਂ ਲਈ ਬੜਾ ਔਖਾ ਅਤੇ ਤਣਾਅ ਭਰਿਆ ਸਮਾਂ ਹੁੰਦਾ ਹੈ। ਜੇ ਤੁਸੀਂ ਆਪਣੇ ਜੀਵਨ ਸਾਥੀ ਤੋਂ ਵੱਖ ਹੁੰਦੇ ਹੋ ਤਾਂ ਤੁਹਾਨੂੰ ਕਈ ਕਾਨੂੰਨੀ ਮਸਲੇ ਸੁਲਝਾਉਣੇ ਪੈਣਗੇ। ਤੁਹਾਨੂੰ ਗੁਜ਼ਾਰੇ ਸਬੰਧੀ ਫੈਸਲਾ ਕਰਨਾ ਪਵੇਗਾ, ਬੱਚਿਆਂ ਲਈ ਪ੍ਰਬੰਧ ਕਰਨੇ ਪੈਣਗੇ ਅਤੇ ਆਪਣੀ ਪਰਿਵਾਰਕ ਜਾਇਦਾਦ ਨੂੰ ਵੰਡਣਾ ਪਵੇਗਾ। ਇਹ ਔਖੇ ਮਾਮਲੇ ਹੁੰਦੇ ਹਨ। ਕੁਝ ਪਤੀ-ਪਤਨੀ ਇਹ ਕੰਮ ਆਪਣੇ ਆਪ ਕਰ ਲੈਂਦੇ ਹਨ। ਪਰ ਜ਼ਿਆਦਾਤਰ ਮਾਮਲਿਆਂ ਵਿੱਚ ਇਨ੍ਹਾਂ ਦੇ ਹੱਲ ਲਈ ਤੁਹਾਨੂੰ ਕਿਸੇ ਦੀ ਮਦਦ ਦੀ ਲੋੜ ਪਵੇਗੀ।

ਰਿਸ਼ਤਾ ਮੁੱਕਣ ਵੇਲ਼ੇ ਤੁਹਾਡੇ ਕੋਲ ਆਪਣੀ ਮਦਦ ਲਈ ਪਰਿਵਾਰਕ ਕਾਨੂੰਨ ਦਾ ਚੰਗਾ ਜਾਣੂ ਵਕੀਲ ਹੋਣਾ ਚਾਹੀਦਾ ਹੈ। ਜੇ ਤੁਹਾਨੂੰ ਕਾਨੂੰਨੀ ਸਲਾਹ ਨਾ ਮਿਲੇ ਤਾਂ ਹੋ ਸਕਦਾ ਹੈ ਕਿ ਤੁਸੀਂ ਆਪਣੇ ਕੁਝ ਮਹੱਤਵਪੂਰਨ ਹੱਕ ਇਸ ਲਈ ਗਵਾ ਬੈਠੋਂ ਕਿਉਂਕਿ ਤੁਹਾਨੂੰ ਉਨ੍ਹਾਂ ਹੱਕਾਂ ਬਾਰੇ ਪਤਾ ਹੀ ਨਾ ਹੋਵੇ। ਕਿਸੇ ਵਕੀਲ ਦੀ ਮਦਦ ਬਹੁਤ ਜ਼ਰੂਰੀ ਹੈ ਜੇ:

- ਤੁਹਾਡਾ ਸਾਥੀ ਬਦਸਲੂਕ ਸੀ ਜਾਂ ਮਾਰ ਕੁਟਾਈ ਕਰਦਾ ਸੀ
- ਤੁਹਾਡੇ ਸਾਥੀ ਨੇ ਤੁਹਾਡੇ ਨਾਲ ਧੱਕੇਸ਼ਾਹੀ ਜਾਂ ਤੁਹਾਨੂੰ ਡਰਾਉਣ ਧਮਕਾਉਣ ਦੀ ਕੋਸ਼ਿਸ਼ ਕੀਤੀ ਸੀ
- ਤੁਹਾਡੇ ਸਾਥੀ ਨੇ ਤੁਹਾਡਾ ਨਾਜਾਇਜ਼ ਫ਼ਾਇਦਾ ਲਿਆ ਹੈ
- ਤੁਹਾਡੇ ਸਾਥੀ ਕੋਲ ਤੁਹਾਡੇ ਨਾਲੋਂ ਵੱਧ ਇਖਤਿਆਰ ਹਨ
- ਤੁਸੀਂ ਅੰਗਰੇਜ਼ੀ ਪੜ੍ਹ, ਬੋਲ ਜਾਂ ਸਮਝ ਨਹੀਂ ਸਕਦੇ
- ਤੁਹਾਡੇ ਸਾਥੀ ਕੋਲ ਵਕੀਲ ਹੈ

## ਪਰਿਵਾਰਕ ਕਾਨੂੰਨ ਦੇ ਮਾਹਰ ਕਿਸੇ ਵਕੀਲ ਨੂੰ ਕਿਵੇਂ ਲੱਭਿਆ ਜਾਵੇ?

ਜੇ ਤੁਸੀਂ ਪਰਿਵਾਰਕ ਕਾਨੂੰਨ ਦਾ ਕੰਮ ਕਰਨ ਵਾਲੇ ਕਿਸੇ ਵੀ ਵਕੀਲ ਨੂੰ ਨਹੀਂ ਜਾਣਦੇ, ਤਾਂ ਅਜਿਹੇ ਵਕੀਲ ਨੂੰ ਲੱਭਣ ਵਿੱਚ ਤੁਹਾਨੂੰ ਹੇਠਲੀਆਂ ਥਾਵਾਂ ਤੋਂ ਮਦਦ ਮਿਲ ਸਕਦੀ ਹੈ:

- ਤੁਹਾਡਾ ਸਥਾਨਕ ਕਮਿਊਨਿਟੀ ਦਾ ਮੁਫਤ ਕਾਨੂੰਨੀ ਸਹਾਇਤਾ ਕੇਂਦਰ ਜਾਂ ਲੀਗਲ ਏਡ ਕਲਿਨਿਕ (Legal Aid Clinic)
- ਔਰਤਾਂ ਲਈ ਸਥਾਨਕ ਆਸਰਾਘਰ (shelter) ਜਾਂ ਕੋਈ ਹੋਰ ਕਮਿਊਨਿਟੀ ਸੰਸਥਾ
- **ਅਸਾਲਟਿਡ ਵਿਮੈਨਜ਼ ਹੈਲਪਲਾਈਨ (Assaulted Women's Helpline)** ਹਮਲੇ ਦੀਆਂ ਸ਼ਿਕਾਰ ਔਰਤਾਂ ਲਈ ਮਦਦਗਾਰ ਫੋਨ ਨੰਬਰ ਟਰਾਂਟੋ ਵਿੱਚ 416-863-0511 ਅਤੇ ਟੌਲ-ਫ੍ਰੀ 1-866-863-0511 ਹੈ। ਟੀ ਟੀ ਵਾਈ ਲਾਈਨ ਨੰਬਰ 1-866-863-7868 ਹੈ। ਇਹ 24 ਘੰਟੇ ਚੱਲਣ ਵਾਲੀ ਸੰਕਟਕਾਲੀ ਲਾਈਨ ਹੈ।
- **ਫੈਮਿਲੀ ਲਾਅ ਆਫਿਸ (Family Law Office)** ਜਾਂ ਪਰਿਵਾਰਕ ਕਾਨੂੰਨ ਬਾਰੇ ਦਫਤਰ, ਜੇ ਤੁਸੀਂ ਟਰਾਂਟੋ, ਔਟਵਾ ਜਾਂ ਥੰਡਰ ਬੇਅ ਵਿੱਚ ਰਹਿੰਦੇ ਹੋ।ਇਨ੍ਹਾਂ ਦਫਤਰਾਂ ਵਿੱਚ ਪਰਿਵਾਰਕ ਕਾਨੂੰਨ ਦੇ ਮਾਮਲਿਆਂ ਵਿੱਚ ਮਦਦ ਕਰ ਸਕਣ ਵਾਲੇ ਵਕੀਲ ਹੁੰਦੇ ਹਨ। ਇਨ੍ਹਾਂ ਵਕੀਲਾਂ ਦੀ ਫੀਸ ਲੀਗਲ ਏਡ ਓਨਟਾਰੀਓ ਜਾਂ ਐੱਲ ਏ ਓ (Legal Aid Ontario ਜਾਂ LAO) ਵੱਲੋਂ ਦਿੱਤੀ ਜਾਂਦੀ ਹੈ। ਇਹ ਸਿਰਫ ਲੀਗਲ ਏਡ ਸਰਟੀਫਿਕੇਟ ਵਾਲੇ ਵਿਅਕਤੀਆਂ ਦੀ ਮਦਦ ਹੀ ਕਰਦੇ ਹਨ।
- ਜੇ ਤੁਹਡੇ ਨਾਲ ਦੁਰਵਿਹਡਰ ਹੋਇਆ ਹੈ, **ਲਾਇਰ ਰੈਫਰਲ ਸਰਵਿਸ** ਨੂੰ 1-800-268-8326 'ਤੇ ਕਾਲ ਕਰੋ। ਜੇ ਤੁਹਾਡੇ ਨਾਲ ਦੁਰਵਿਹਾਰ ਨਹੀਂ ਹੋਇਆ ਹੈ, ਤੁਸੀਂ ਫਿਰ ਵੀ ਇਸ ਸੇਵਾ ਦੀ ਵਰਤੋਂ ਕਰਨ ਲਈ 1-900-565-4577 'ਤੇ ਕਾਲ ਕਰ ਸਕਦੇ ਹੋ, ਪਰ ਤੁਹਾਡੇ ਕੋਲੋਂ 6 ਡਾਲਰ ਪ੍ਰਤੀ ਕਾਲ ਚਾਰਜ ਕੀਤੇ ਜਾਣਗੇ।

ਜਦੋਂ ਵੀ ਤੁਸੀਂ ਕਿਸੇ ਨਵੇਂ ਵਕੀਲ ਨੂੰ ਫੋਨ ਕਰੋ ਤਾਂ ਇਹ ਪੁੱਛਣਾ ਨਾ ਭੁੱਲੋ ਕਿ ਉਨ੍ਹਾਂ ਦਾ ਪਰਿਵਾਰਕ ਕਾਨੂੰਨ ਦੇ ਖੇਤਰ ਵਿੱਚ ਤਜਰਬਾ ਹੈ ਜਾਂ ਨਹੀਂ। ਕੋਈ ਅਜਿਹਾ ਵਕੀਲ ਕਰਨ ਦੀ ਕੋਸ਼ਿਸ਼ ਕਰੋ ਜਿਸ ਕੋਲ ਇਹ ਤਜਰਬਾ ਹੋਵੇ।

## ਪਰਿਵਾਰਕ ਕਾਨੂੰਨ ਦੇ ਆਪਣੇ ਵਕੀਲ ਦੀ ਫੀਸ ਕਿਵੇਂ ਦਿੱਤੀ ਜਾਵੇ

ਵਕੀਲ ਕਰਨ ਲਈ ਪੈਸੇ ਲੱਗਦੇ ਹਨ। ਜੇ ਤੁਸੀਂ ਵਕੀਲ ਦੀ ਫੀਸ ਨਹੀਂ ਦੇ ਸਕਦੇ ਤਾਂ ਮਦਦ ਲਈ ਤੁਸੀਂ **ਲੀਗਲ ਏਡ ਓਂਟਾਰੀਓ** ਨੂੰ ਅਰਜ਼ੀ ਦੇ ਸਕਦੇ ਹੋ। ਪਰਿਵਾਰਕ ਕਾਨੂੰਨ ਦੇ ਕੁਝ ਮਾਮਲਿਆਂ ਵਿੱਚ ਉਹ ਮਦਦ ਕਰਦੇ ਹਨ। ਮੁਫਤ ਕਾਨੂੰਨੀ ਮਦਦ ਲੈਣ ਲਈ ਓਂਟਾਰੀਓ ਵਿੱਚ ਐਲ ਏ ਓ ਦੇ ਕਿਸੇ ਵੀ ਦਫਤਰ ਵਿੱਚ ਜਾਓ। ਸਭ ਤੋਂ ਨਜ਼ਦੀਕੀ ਦਫਤਰ ਦਾ ਪਤਾ ਜਾਣਨ ਲਈ ਆਪਣੀ ਫੋਨ ਬੁਕ ਵੇਖੋ ਜਾਂ 1-800-668-8258 ਨੰਬਰ ’ਤੇ ਫੋਨ ਕਰੋ ਜਾਂ ਟੀ ਟੀ ਵਾਈ ਲਈ 1-866-641-8867 ’ਤੇ ਫੋਨ ਕਰੋ। ਜੇ ਤੁਸੀਂ ਟਰਾਂਟੋ ਵਿੱਚ ਰਹਿੰਦੇ ਹੋ ਤਾਂ 416-979-1446 ਨੰਬਰ ਤੇ ਫੋਨ ਕਰੋ। ਐਲ ਏ ਓ ਬਾਰੇ ਹੋਰ ਜਾਣਕਾਰੀ ਤੁਹਾਨੂੰ ਉਨ੍ਹਾਂ ਦੀ ਵੈੱਬਸਾਈਟ www.legalaid.on.ca ’ਤੇ ਮਿਲ ਸਕਦੀ ਹੈ।

ਕਾਨੂੰਨੀ ਸਹਾਇਤਾ ਪ੍ਰਾਪਤ ਕਰਨ ਲਈ ਜ਼ਰੂਰੀ ਹੈ ਕਿ:

- ਤੁਹਾਡੀ ਆਮਦਨੀ ਘੱਟ ਹੋਵੇ, ਅਤੇ
- ਮਹਿਕਮੇ ਦੇ ਖਿਆਲ ਵਿੱਚ ਤੁਹਾਡਾ ਕਾਨੂੰਨੀ ਮਾਮਲਾ “ਇੰਨਾ ਗੰਭੀਰ” ਹੋਵੇ ਕਿ ਉਸ ਲਈ ਕਿਸੇ ਵਕੀਲ ਦੀ ਲੋੜ ਪਵੇ।

ਜੇ ਤੁਹਾਡੇ ਨਾਲ ਦੁਰਵਿਹਾਰ ਕੀਤਾ ਗਿਆ ਹੈ ਜਾਂ ਤੁਹਾਨੂੰ ਡਰਾਇਆ ਧਮਕਾਇਆ ਗਿਆ ਹੈ ਤਾਂ ਇਸ ਬਾਰੇ ਲੀਗਲ ਏਡ ਨੂੰ ਦੱਸੋ। ਜਿਨ੍ਹਾਂ ਔਰਤਾਂ ਨੂੰ ਹਿੰਸਾ ਦਾ ਸਾਮ੍ਹਣਾ ਕਰਨਾ ਪੈਂਦਾ ਹੈ ਉਨ੍ਹਾਂ ਨੂੰ ਕਾਨੂੰਨੀ ਸਹਾਇਤਾ ਮਿਲਣ ਦੀ ਜ਼ਿਆਦਾ ਆਸ ਹੁੰਦੀ ਹੈ।

ਜੇ ਤੁਸੀਂ ‘‘ਲੀਗਲ ਏਡ’’ ਦੀਆਂ ਕਸੌਟੀਆਂ ’ਤੇ ਪੂਰੇ ਉੱਤਰਦੇ ਹੋ ਤਾਂ ਉਹ ਤੁਹਾਨੂੰ ਇੱਕ **ਲੀਗਲ ਏਡ ਸਰਟੀਫਿਕੇਟ** ਦੇਣਗੇ। ਇਸ ਸਰਟੀਫਿਕੇਟ ਦੀ ਵਰਤੋਂ ਤੁਸੀਂ ਆਪਣਾ ਵਕੀਲ ਕਰਨ ਲਈ ਕਰ ਸਕਦੇ ਹੋ। ਕਈ ਵਾਰੀ ਲੀਗਲ ਏਡ ਵਾਲੇ ਵਕੀਲ ਦੀ ਫੀਸ ਦੇ ਭੁਗਤਾਨ ਦੀ ਪੇਸ਼ਕਸ਼ ਇਸ ਸ਼ਰਤ ‘ਤੇ ਕਰ ਸਕਦੇ ਹਨ ਕਿ ਤੁਸੀਂ ਬਾਅਦ ਵਿੱਚ ਇਹ ਫੀਸ ਉਨ੍ਹਾਂ ਨੂੰ ਵਾਪਸ ਕਰੋਗੇ।

ਜੇ ਤੁਹਾਡੇ ਸਾਥੀ ਨੇ ਤੁਹਾਡੇ ਨਾਲ ਦੁਰਵਿਹਾਰ ਕੀਤਾ ਹੈ ਜਾਂ ਤੁਹਾਨੂੰ ਡਰਾਇਆ ਧਮਕਾਇਆ ਹੈ, ਤੁਸੀਂ ਦੋ ਘੰਟੇ ਲਈ ਇੱਕ ਮੁਫਤ ਲੀਗਲ ਏਡ ਸਰਟੀਫਿਕੇਟ ਲੈ ਸਕਦੇ ਹੋ। ਤੁਸੀਂ **‘‘ਅਡਵਾਈਸ ਲਾਇਰ ਫੈਮਲੀ ਵਾਇਲੈਂਸ ਆਥੋਰਾਈਜ਼ੇਸ਼ਨ’’ – (Advice Lawyer Family Violence Authorization)** ਨਾਮਕ ਇੱਕ ਫਾਰਮ ਜ਼ਰੂਰ ਭਰੋਗੇ ਜਿਹੜਾ ਤੁਸੀਂ ਕਮਿਊਨਿਟੀ ਲੀਗਲ ਕਲੀਨਿਕਸ ਜਾਂ ਵੋਮੈਨਜ਼ ਸ਼ੈਲਟਰ ਤੋਂ ਲੈ ਸਕਦੇ ਹੋ।

ਸਾਰੇ ਵਕੀਲ ਲੀਗਲ ਏਡ ਸਰਟੀਫਿਕੇਟ ਮਨਜ਼ੂਰ ਨਹੀਂ ਕਰਦੇ। ਜਦੋਂ ਤੁਸੀਂ ਕਿਸੇ ਵਕੀਲ ਨਾਲ ਮੁਲਾਕਾਤ ਦਾ ਸਮਾਂ ਤੈਅ ਕਰਨ ਲਈ ਫੋਨ ਕਰੋ ਤਾਂ ਉਸ ਕੋਲੋਂ ਇਹ ਪੁੱਛਣਾ ਨਾ ਭੁੱਲੋ ਕਿ ਉਹ ਕਾਨੂੰਨੀ ਸਹਾਇਤਾ ਲਈ ਕੰਮ ਕਰਦੇ ਹਨ ਜਾਂ ਨਹੀਂ।

## ਜੇ ਤੁਹਾਡੇ ਕੋਲ ਵਕੀਲ ਨਹੀਂ ਹੈ ਤਾਂ ਤੁਸੀਂ ਕੀ ਕਰ ਸਕਦੇ ਹੋ?

ਜੇ ਪਰਿਵਾਰਕ ਕਾਨੂੰਨ ਦੇ ਮਾਮਲੇ ਵਿੱਚ ਤੁਹਾਡੀ ਮਦਦ ਕਰਨ ਲਈ ਤੁਹਾਡੇ ਕੋਲ ਕੋਈ ਵਕੀਲ ਨਾ ਵੀ ਹੋਵੇ ਤਾਂ ਵੀ ਕੁਝ ਕਾਨੂੰਨੀ ਜਾਣਕਾਰੀ ਅਤੇ ਸਲਾਹ ਤੁਹਾਨੂੰ ਕੋਰਟਹਾਊਸ ਵਿੱਚ ਮਿਲ ਸਕਦੀ ਹੈ। ਪਰਿਵਾਰਕ ਕਾਨੂੰਨ ਦੀ ਕਿਸੇ ਵੀ ਅਦਾਲਤ ਵਿੱਚ ਤੁਹਾਨੂੰ ਦੋ ਤਰ੍ਹਾਂ ਦੀ ਮਦਦ ਮਿਲ ਸਕਦੀ ਹੈ:

- **ਡਿਊਟੀ ਕੌਂਸਲ ਵਕੀਲ (Duty counsel lawyers).** ਇਨ੍ਹਾਂ ਦਾ ਕੰਮ ਘੱਟ ਆਮਦਨੀ ਵਾਲੇ ਅਜਿਹੇ ਲੋਕਾਂ ਨਾਲ ਗੱਲ ਕਰਨਾ ਹੈ ਜਿਨ੍ਹਾਂ ਕੋਲ ਆਪਣਾ ਵਕੀਲ ਨਾ ਹੋਵੇ। ਇਹ ਤੁਹਾਨੂੰ ਸਲਾਹ ਦੇ ਸਕਦੇ ਹਨ। ਜੇ ਉਹ ਜ਼ਿਆਦਾ ਰੁੱਝੇ ਹੋਏ ਨਾ ਹੋਣ ਤਾਂ ਅਦਾਲਤ ਵਿੱਚ ਵੀ ਤੁਹਾਡੀ ਮਦਦ ਕਰ ਸਕਦੇ ਹਨ।
- **ਫੈਮਿਲੀ ਲਾਅ ਇਨਫਾਰਮੇਸ਼ਨ ਸੈਂਟਰਜ਼** (ਐਫ ਐਲ ਆਈ ਸੀਜ਼) **(Family Law Information Centres** [FLICs]**).** ਇਹ ਕੇਂਦਰ ਤੁਹਾਨੂੰ ਪਰਿਵਾਰਕ ਕਾਨੂੰਨ ਬਾਰੇ ਜਾਣਕਾਰੀ ਦੇ ਸਕਦੇ ਹਨ ਤੇ ਸਮਝਾ ਸਕਦੇ ਹਨ ਕਿ ਪਰਿਵਾਰਕ ਅਦਾਲਤ ਕਿਵੇਂ ਕੰਮ-ਕਾਜ ਕਰਦੀ ਹੈ। ਪਰਿਵਾਰਾਂ ਨੂੰ ਮਿਲ ਸਕਣ ਵਾਲੀ ਹੋਰ ਮਦਦ – (ਜਿਵੇਂ ਬੱਚਿਆਂ ਦੇ ਪਾਲਣ-ਪੋਸ਼ਣ ਬਾਰੇ ਕਲਾਸਾਂ, ਪਰਿਵਾਰਕ ਮੀਡੀਏਸ਼ਨ, ਜਾਂ ਕਮਿਊਨਿਟੀ ਸੰਸਥਾਵਾਂ ਨਾਲ ਕਿਵੇਂ ਸੰਪਰਕ ਕਰੀਏ) – ਬਾਰੇ ਵੀ ਇਹ ਤੁਹਾਨੂੰ ਦੱਸ ਸਕਦੇ ਹਨ। ਕੁਝ ਐਫ ਐਲ ਆਈਜ਼ ਕੋਲ **ਸਲਾਹ ਦੇਣ ਵਾਲੇ ਵਕੀਲ (advice laywers)** ਵੀ ਹੁੰਦੇ ਹਨ ਜੋ ਤੁਹਾਡੇ ਨਾਲ ਗੱਲਬਾਤ ਕਰ ਸਕਦੇ ਹਨ। ਸਲਾਹ ਦੇਣ ਵਾਲੇ ਵਕੀਲ ਕੁਝ ਕਾਨੂੰਨੀ ਸਲਾਹ ਵੀ ਦੇ ਸਕਦੇ ਹਨ ਪਰ ਅਦਾਲਤ ਵਿੱਚ ਤੁਹਾਡੀ ਮਦਦ ਨਹੀਂ ਕਰਨਗੇ।

ਪਰਿਵਾਰਕ ਕਾਨੂੰਨ ਦੀਆਂ ਕੁਝ ਅਦਾਲਤਾਂ ਵਿੱਚ ਤੁਹਾਨੂੰ ਕਾਨੂੰਨ ਦੇ ਵਿਦਿਆਰਥੀਆਂ ਵਲੋਂ ਮਦਦ ਮਿਲ ਸਕਦੀ ਹੈ। ਜਿਨ੍ਹਾਂ ਲੋਕਾਂ ਕੋਲ ਆਪਣੇ ਵਕੀਲ ਨਹੀਂ ਹੁੰਦੇ ਹਨ, ਇਹ ਵਿਦਿਆਰਥੀ ਅਦਾਲਤ ਦੇ ਫਾਰਮ ਭਰਨ ਵਿੱਚ ਉਨ੍ਹਾਂ ਦੀ ਮਦਦ ਕਰਦੇ ਹਨ।

*ਜੇ ਤੁਸੀਂ ਓਨਟੇਰੀਓ ਵਿੱਚ ਰਹਿੰਦੀ ਫਰਾਂਸੀਸੀ ਬੋਲੀ ਬੋਲਣ ਵਾਲੀ ਕੋਈ ਔਰਤ ਹੋ ਤਾਂ ਤੁਹਾਨੂੰ ਪਹਿਲਾਂ ਪਰਿਵਾਰਕ ਕਾਨੂੰਨ ਦੀ ਅਦਾਲਤ ਦੀਆਂ ਕਾਰਵਾਈਆਂ ਵਿੱਚ ਫਰਾਂਸੀਸੀ ਬੋਲੀ ਦੀਆਂ ਸੇਵਾਵਾਂ ਹਾਸਲ ਕਰਨ ਦਾ ਹੱਕ ਹੈ।ਆਪਣੇ ਹੱਕਾਂ ਬਾਰੇ ਵਧੇਰੇ ਜਾਣਕਾਰੀ ਲਈ ਕਿਸੇ ਵਕੀਲ, ਕਮਿਊਨਿਟੀ ਕਾਨੂੰਨ ਕਲੀਨਿਕ, ਜਾਂ ਹਿਮਾਇਤ ਦੇਣ ਵਾਲੀ ਲਾਈਨ ਫੈਮੇਡ (Femaide) ਨਾਲ਼ 1-877-336-2433, ਟੀ.ਟੀ.ਵਾਈ. 1-866-860-7082 'ਤੇ ਸੰਪਰਕ ਕਰੋ। ਫਰਾਂਸੀਸੀ ਬੋਲੀ ਦੀਆਂ ਸੇਵਾਵਾਂ ਹਾਸਲ ਕਰਨ ਸਬੰਧੀ ਵਧੇਰੇ ਜਾਣਕਾਰੀ ਤੁਹਾਨੂੰ ਸਾਡੀ ਵੈੱਬਸਾਈਟ www.onefamilylaw.ca ਜਾਂ www.undroitdefamille.ca 'ਤੇ ਮਿਲ ਸਕਦੀ ਹੈ।*

## ਪਰਿਵਾਰਕ ਕਾਨੂੰਨ ਦੇ ਉਪਲਬਧ ਵਿਸ਼ੇ:*


1. ਝਗੜਿਆਂ ਦਾ ਬਦਲਵਾਂ ਹੱਲ ਅਤੇ ਪਰਿਵਾਰਕ ਕਾਨੂੰਨ (PJB 001)
2. ਬੱਚਿਆਂ ਦੀ ਰੱਖਿਆ ਅਤੇ ਪਰਿਵਾਰਕ ਕਾਨੂੰਨ (PJB 002)
3. ਬਾਲ ਸਹਾਇਤਾ (PJB 003)
4. ਫੌਜਦਾਰੀ ਅਤੇ ਪਰਿਵਾਰਕ ਕਾਨੂੰਨ (PJB 004)
5. ਹਵਾਲਗੀ ਅਤੇ ਮੁਲਾਕਾਤ ਦਾ ਹੱਕ (PJB 005)
6. ਘਰੇਲੂ ਇਕਰਾਰਨਾਮੇ (PJB 006)
7. ਪਰਿਵਾਰਕ ਕਾਨੂੰਨ ਦੇ ਮਾਮਲਿਆਂ ਵਿੱਚ ਸਾਲਸੀ (PJB 007)
8. ਪ੍ਰਵਾਸੀ, ਸ਼ਰਨਾਰਥੀ ਅਤੇ ਗੈਰ-ਰੁਤਬਾ ਔਰਤਾਂ ਲਈ ਪਰਿਵਾਰਕ ਕਾਨੂੰਨ ਸੰਬੰਧੀ ਮਸਲੇ (PJB 008)
9. **ਪਰਿਵਾਰਕ ਕਾਨੂੰਨ ਨਾਲ ਸਬੰਧਤ ਤੁਹਾਡੀ ਮੁਸ਼ਕਲ ਲਈ ਮਦਦ ਲੱਭਣਾ (PJB 009)**
10. ਪਰਿਵਾਰਕ ਕਾਨੂੰਨ ਵਿੱਚ ਜਾਇਦਾਦ ਦੀ ਵੰਡ ਕਿਵੇਂ ਕੀਤੀ ਜਾਂਦੀ ਹੈ (PJB 010)
11. ਵਿਆਹ ਅਤੇ ਤਲਾਕ (PJB 011)
12. ਪਤੀ/ਪਤਨੀ ਲਈ ਸਹਾਇਤਾ (PJB 012)


** ਇਹ ਪਰਚਾ ਅਨੇਕਾਂ ਅਲੱਗ-ਅਲੱਗ ਫਰਮਿਆਂ ਅਤੇ ਬੋਲੀਆਂ ਵਿੱਚ ਉਪਲਬਧ ਹੈ। ਵਧੇਰੇ ਜਾਣਕਾਰੀ ਲਈ ਮਿਹਰਬਾਨੀ ਕਰਕੇ www.onefamilylaw.ca ਵੇਖੋ ਜੀ। ਪਰਿਵਾਰਕ ਕਾਨੂੰਨ ਦੇ ਆਪਣੇ ਹੱਕਾਂ ਨੂੰ ਸਮਝਣ ਵਿੱਚ ਮਦਦ ਲਈ ਤੁਹਾਨੂੰ ਵਧੀਕ ਜਾਣਕਾਰੀ ਸਾਡੀ ਵੈੱਬਸਾਈਟ ਤੋਂ ਵੀ ਮਿਲ ਸਕਦੀ ਹੈ।*


flew Family Law Education for Women
Women's Right to Know

fodf Femmes ontariennes et droit de la famille
Le droit de savoir

Funded by: / Financé par :
Ontario

ਇਨ੍ਹਾਂ ਸਮੱਗਰੀਆਂ ਵਿੱਚ ਜ਼ਾਹਰ ਕੀਤੇ ਵਿਚਾਰ ਐੱਫ.ਐੱਲ.ਈ.ਡਬਲਿਊ.
ਦੇ ਹਨ ਅਤੇ ਜ਼ਰੂਰੀ ਨਹੀਂ ਕਿ ਉਹ ਸੂਬਾਈ ਸਰਕਾਰ ਦੇ ਵਿਚਾਰਾਂ ਦੀ ਤਰਜਮਾਨੀ ਕਰਨ।